ਸ਼ਰਨਾਰਥੀਆਂ ਅਤੇ ਇੰਮੀਗਰਾਂਟਾਂ ਦਾ ਅਪਰਾਧੀਕਰਨ ਬੰਦ ਕਰੋ

ਕਮਿਊਨਿਸਟ ਪਾਰਟੀ ਇੰਮੀਗਰਾਂਟਾਂ ਦੇ ਅਧਿਕਾਰਾਂ ਦੇ ਬਿੱਲ ਦੀ ਮੰਗ ਕਰਦੀ ਹੈ

ਕੰਜ਼ਰਵੇਟਿਵ ਸਰਕਾਰ ਇੰਮੀਗਰਾਂਟਾਂ ਦਾ ਸ਼ੋਸ਼ਣ ਕਰ ਰਹੀ ਹੈ

ਹਾਰਪਰ ਸਰਕਾਰ ਸੀਰੀਆ ਅਤੇ ਇਰਾਕ ਦੀ ਬੰਬਾਰੀ ਕਰ ਰਹੀ ਹੈ। ਹਾਰਪਰ ਸਰਕਾਰ ਫਰੀ ਟਰੇਡ ਨੂੰ ਵਧਾ ਰਹੀ। ਫਰੀ ਟਰੇਡ ਨਾਲ ਕਾਰਪੋਰੇਟਾਂ ਨੂੰ ਭਾਰੀ ਲਾਭ ਹੋ ਰਹੇ ਹਨ, ਮਜਦੂਰਾਂ ਨੂੰ ਨਹੀ। ਯੁੱਧ ਅਤੇ ਫਰੀ ਟਰੇਡ ਨੇ ਗਰੀਬ ਦੇਸ਼ਾਂ ਲਈ ਭਾਰੀ ਮੁਸੀਬਤਾਂ ਪੈਦਾ ਕੀਤੀਆਂ ਹਨ। ਕਨੇਡਾ ਸਰਕਾਰ ਦੀ ਸ਼ਰਨਾਰਥੀਆਂ ਨੂੰ ਸਵੀਕਾਰ ਕਰਨ ਦੀ ਜੁਮੇਵਾਰੀ ਬਣਦੀ ਹੈ। ਕਨੇਡਾ ਬੇਹੱਦ ਅਮੀਰ ਅਤੇ ਵਿਸ਼ਾਲ ਦੇਸ਼ ਹੈ ਅਤੇ ਬੇਹੱਦ ਵੱਡੀ ਗਿਣਤੀ ਵਿੱਚ ਸ਼ਰਨਾਰਥੀਆਂ ਇਥੇ ਆ ਸਕਦੇ ਹਨ। ਹਾਰਪਰ ਕੰਜ਼ਰਵੇਟਿਵ ਸਰਕਾਰ ਨੂੰ ਇੰਮੀਗਰਾਂਟ ਸਿਰਫ ਸਸਤੀ ਮਜਦੂਰੀ ਲਈ ਹੀ ਚਾਹੀਦੇ ਹਨ। ਅਜਿਹੀ ਨੀਤੀ ਦਾ ਖਾਤਮਾ ਹੋਣਾ ਚਾਹੀਦਾ ਹੈ। ਅਸੀ ਯੁੱਧ, ਫਰੀ ਟਰੇਡ ਅਤੇ ਇੰਮੀਗਰਾਂਟਾਂ ਦੀ ਲੁੱਟ ਦਾ ਵਿਰੋਧ ਕਰਦੇ ਹਾਂ।

ਕਮਿਊਨਿਸਟ ਪਾਰਟੀ ਇੰਮੀਗਰਾਂਟਾਂ ਅਤੇ ਸ਼ਰਨਾਰਥੀਆਂ ਦੇ ਹੱਕਾਂ ਲਈ ਸੰਘਰਸ਼ਸ਼ੀਲ ਹੈ

ਜਮਹੂਰੀ ਅਤੇ ਖੁੱਲੀ ਇੰਮੀਗਰੇਸ਼ਨ ਨੀਤੀ ਬਣਾਈ ਜਾਵੇ ਜੋ ਲੋਕਾਂ ਦੀਆਂ ਲੋੜਾਂ ਤੇ ਅਧਾਰਿਤ ਹੋਵੇ ਨਾ ਕਿ ਕਾਰਪੋਰੇਟ ਮੁਨਾਫਿਆਂ ਤੇ।

ਦੇਸ਼ ਨਿਕਾਲਾ ਬੰਦ ਕਰੋ-ਸਭ ਲਈ ਨਾਗਰਿਕਤਾ ਪਰਾਪਤੀ ਦਾ ਰਾਹ ਸਪਸ਼ਟ ਅਤੇ ਪਹੁੰਚਮਈ ਕਰਨ ਲਈ ਕਨੂੰਨ ਬਣਾਇਆ ਜਾਵੇ।

ਸਭ ਇੰਮੀਗਰਾਂਟਾਂ ਅਤੇ ਸ਼ਰਨਾਰਥੀਆਂ ਦੀ ਆਮਦ ਤੇ ਮਿਆਰੀ ਸਿਹਤ ਸਹੂਲਤਾਂ ਮੁਹੱਇਆ ਕਰਵਾਈਆਂ ਜਾਣ।

ਪ੍ਰਵਾਰਾਂ ਨੂੰ ਪਹਿਲ ਦੇ ਅਧਾਰ ਤੇ ਇਕੱਠਿਆਂ ਕੀਤਾ ਜਾਵੇ।

ਬਿੱਲ ਸੀ-24 ਨੂੰ ਖਤਮ ਕਰੋ

ਕਨੇਡੀਅਨ ਪੈਨਸ਼ਨ ਨੂੰ ਕਨੇਡਾ ਤੋਂ ਬਾਹਰ ਵੀ ਮੁਹੱਇਆ ਕਰਵਾਇਆ ਜਾਵੇ।

ਸ਼ਰਨਾਰਥੀਆਂ ਨੂੰ ਪਹਿਲ ਦੇਵੋ ਨਾ ਕਿ ਅਰਬਪਤੀਆਂ ਨੂੰ।

ਆਰਜੀ ਵਿਦੇਸ਼ੀ ਕਾਮਿਆਂ ਅਤੇ ਸੀਜ਼ਨਲ ਕਾਮਿਆਂ ਵਾਲੇ ਪਰੋਗਰਾਮ ਬੰਦ ਕੀਤੇ ਜਾਣ। ਕਨੇਡਾ ਵਿੱਚ ਕੰਮ ਕਰਨ ਤੇ ਸਥਾਈ ਰਹਿਣ ਅਤੇ ਨਾਗਰਿਕ ਬਣਨ ਦਾ ਹੱਕ ਹੋਵੇ।

ਸੁਤੰਤਰ ਕਨੇਡੀਅਨ ਵਿਦੇਸ਼ ਨੀਤੀ ਜੋ ਸਾਂਤੀ, ਨਿਸ਼ੱਸ਼ਤਰੀਕਰਨ ਅਤੇ ਵਾਤਾਵਰਨ ਪੱਖੀ ਹੋਵੇ ਅਤੇ ਸਾਮਰਾਜੀ ਯੁੱਧ ਵਿਰੋਧੀ ਹੋਵੇ।

ਕਨੇਡਾ ਦੇ ਸਭ ਮਿਹਨਤਕਸ਼ ਲੋਕ ਮੁਫਤ ਉੱਚ ਵਿਦਿਆ ਅਤੇ ਮਿਆਰੀ ਸਿਹਤ ਸਹੂਲਤਾ, ਜਿਹਨਾਂ ਵਿੱਚ ਅੱਖਾਂ, ਦੰਦ ਅਤੇ ਫਾਰਮਾਕੇਅਰ ਸ਼ਾਮਲ ਹੋਵੇ, ਦੇ ਹੱਕਦਾਰ ਹਨ। ਉੱਚੇ ਵੇਤਨ ਅਤੇ ਘੱਟੋ ਘੱਟ ਵੇਤਨ $20 ਪ੍ਰਤੀ ਘੰਟਾ ਹੋਵੇ। ਮਿਲਟਰੀ ਬਜ਼ਟ ਵਿੱਚ ਭਾਰੀ ਕਟੌਤੀਆਂ। ਊਰਜਾ ਖੇਤਰ, ਕੁਦਰਤੀ ਸਾਧਨਾਂ, ਬੈਕਾਂ ਅਤੇ ਬੀਮਾ ਖੇਤਰ ਦਾ ਕੌਮੀਕਰਨ। ਮਜਬੂਤ ਮਜਦੂਰ ਕਨੂੰਨ, ਯੂਨੀਅਨ ਬਣਾਉਣ ਅਤੇ ਹੜਤਾਲ ਕਰਨ ਦਾ ਹੱਕ ਹੋਣਾ। ਅਮੀਰਾਂ ਅਤੇ ਕਾਰਪੋਰੇਟ ਟੈਕਸ ਨੂੰ ਵਧਾਉਣਾ ।

ਕਮਿਊਨਿਸਟ ਪਾਰਟੀ ਮਿਹਨਤਕਸ਼ ਲੋਕਾਂ ਦੇ ਹੱਕਾਂ ਲਈ ਚੋਣਾਂ ਅਤੇ ਚੋਣਾਂ ਤੋਂ ਬਾਅਦ ਵੀ ਸਰਗਰਮ ਹੈ। ਅਸੀਂ ਸਮਾਜਵਾਦ ਲਈ ਸੰਘਰਸ਼ਸ਼ੀਲ ਹਾਂ।

ਸਾਡਾ ਸਮੁੱਚਾ ਚੋਣ ਮਨੋਰਥ ਪੜਨ ਲਈ ਇਸ ਲਿੰਕ ਤੇ ਜਾਓ: www.communist-party.ca/platform